# ਪੰਜਾਬ ਸਰਕਾਰ ਸਿੱਖਿਆ ਵਿਭਾਗ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ,
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ,
ਸਮੂਹ ਸਕੂਲ ਮੁੱਖੀ, ਸਰਕਾਰੀ ਸਕੂਲ ਪੰਜਾਬ,
ਸਮੂਹ ਬੀ.ਪੀ.ਈ.ਓ., ਪੰਜਾਬ

ਮੀਮੋ ਨੰ. 15/55-2019ਕੋ.ਸੈਲ.(1)/425824 ਮਿਤੀ: 12-12-2019

ਵਿਸ਼ਾ: ਰਿਟਾਇਰਡ ਅਧਿਆਪਕ ਅਤੇ ਸਿੱਖਿਆ ਵਿਭਾਗ ਦੇ ਰਿਟਾਇਰਡ ਕਰਮਚਾਰੀਆਂ ਦੇ ਮਿਆਦ ਖਤਮ ਹੋ ਚੁੱਕੇ ਬਿੱਲ (Time Barred Bill) online ਕਰਨ ਸਬੰਧੀ।

ਹਵਾਲਾ: ਇਸ ਦਫਤਰ ਦੇ ਪੱਤਰ ਨੰ. 15/55-2019ਕੋ.ਸੈਲ.(1)397424-28 ਮਿਤੀ 22.11.2019 ਅਤੇ ਮਿਤੀ 29.11.2019 ਦੇ ਸਬੰਧ ਵਿੱਚ।

1.0 ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਰਿਟਾਇਰਡ ਅਧਿਆਪਕ ਅਤੇ ਸਿੱਖਿਆ ਵਿਭਾਗ ਦੇ ਰਿਟਾਇਰਡ ਕਰਮਚਾਰੀਆਂ ਦੇ ਟਾਈਮ ਬਾਰਡ ਬਿੱਲ ਆਨਲਾਈਨ ਨਹੀਂ ਹੋ ਰਹੇ।

2.0 ਇਸ ਸਬੰਧ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਰਿਟਾਇਰਡ ਅਧਿਆਪਕ/ਕਰਮਚਾਰੀ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇ ਕਿ ਜਿਸ ਸਕੂਲ/ਦਫਤਰ ਵਿੱਚੋਂ ਉਹ ਰਿਟਾਇਰ ਹੋਏ ਹਨ, ਉਸ ਸਕੂਲ ਵਿੱਚ epunjabschool ਪੋਰਟਲ ਉੱਤੇ ਉਨ੍ਹਾਂ ਦਾ ਡਾਟਾ ਅਪਡੇਟ ਜਰੂਰ ਹੋਵੇ। ਹਰ ਅਧਿਆਪਕ/ਕਰਮਚਾਰੀ ਆਪਣੇ username ਅਤੇ password ਦੀ ਮਦਦ ਨਾਲ ਪੋਰਟਲ ਦੇ ਸਟਾਫ ਲੋਗਇੰਨ ਲਿੰਕ ਅਧੀਨ ਆਪਣੇ ਮਿਆਦ ਖਤਮ ਹੋ ਚੁੱਕੇ ਬਿੱਲ ਸਬਮਿਟ ਕਰ ਸਕਦੇ ਹਨ।

3.0 ਜੇਕਰ ਕੋਈ ਅਧਿਆਪਕ/ਕਰਮਚਾਰੀ ਕਾਫੀ ਸਮਾਂ ਪਹਿਲਾਂ ਰਿਟਾਇਰ ਹੋਇਆ ਹੈ ਤਾਂ ਉਹ ਆਪਣੀ ਆਖਰੀ ਪੋਸਟਿੰਗ ਵਾਲੀ ਥਾਂ ਤੇ ਆਪਣੀ ਆਈ.ਡੀ. ਬਣਵਾਉਣ। ਉਸ ਉਪਰੰਤ ਆਪਣੀ ਆਈ.ਡੀ. ਤੋਂ ਟਾਈਮ ਬਾਰਡ ਬਿੱਲ ਲਈ ਅਪਲਾਈ ਕਰਨ। ਇਨ੍ਹਾਂ ਹਦਾਇਤਾਂ ਨੂੰ ਸਮੂਹ ਕਰਮਚਾਰੀਆਂ ਅਤੇ ਰਿਟਾਇਰੀਆਂ ਨੂੰ ਨੋਟ ਕਰਵਾ ਦਿੱਤਾ ਜਾਵੇ।

ਸਕੱਤਰ ਸਕੂਲ ਸਿੱਖਿਆ, ਪੰਜਾਬ

ਇਸ ਦਾ ਉਤਾਰਾ ਸਮੂਹ ਸਹਾਇਕ ਡਾਇਰੈਕਟਰ/ਰਜਿਸਟਰਾਰ/ਸਹਾਇਕ ਰਜਿਸਟਰਾਰ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਨ੍ਹਾਂ ਦੀ ਸ਼ਾਖਾ ਵਿੱਚ ਕੋਈ ਵੀ ਟਾਈਮ ਬਾਰਡ ਬਿੱਲ ਪੈਂਡਿੰਗ ਹੈ ਤਾਂ ਉਹ ਤੁਰੰਤ ਆਨਲਾਈਨ ਪੁਟ-ਅਪ ਕਰਕੇ ਉਨ੍ਹਾਂ ਦਾ ਨਿਪਟਾਰਾ ਇੱਕ ਹਫ਼ਤੇ ਦੇ ਅੰਦਰ-ਅੰਦਰ ਕੀਤਾ ਜਾਵੇ। ਜੇਕਰ ਕਿਸੇ ਰਿਟਾਇਰਡ ਕਰਮਚਾਰੀ ਦਾ ਟਾਈਮ ਬਾਰਡ ਬਿੱਲ ਹੈ ਤਾਂ ਵਾ ਉਸ ਦਾ ਬਿੱਲ ਆਨਲਾਈਨ ਕਰਕੇ ਤੁਰੰਤ ਡੀਲ ਕੀਤਾ ਜਾਵੇ ਅਤੇ ਜੇਕਰ ਆਨਲਾਈਨ ਕਰਨ ਵਿੱਚ ਕਿਸੇ ਕਿਸਮ ਦੀ ਪਰੇਸ਼ਾਨੀ ਹੋਵੇ ਤਾਂ ਐਮ.ਆਈ.ਐਸ. ਵਿੰਗ ਵਿੱਚ ਸ਼੍ਰੀ ਰਾਜਬੀਰ ਨਾਲ ਤੁਰੰਤ ਸੰਪਰਕ ਕੀਤਾ ਜਾਵੇ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ
2. ਡੀ.ਪੀ.ਆਈ. (ਸੈ.ਸਿ.) ਪੰਜਾਬ
3. ਡੀ.ਪੀ.ਆਈ. (ਐ.ਸਿ.) ਪੰਜਾਬ
4. ਸੁਪਰਡੰਟ, ਸਿੱਖਿਆ-6 ਸ਼ਾਖਾ
5. ਸਮੂਹ ਸਹਾਇਕ ਡਾਇਰੈਕਟਰ/ਰਜਿਸਟਰਾਰ/ਸਹਾਇਕ ਰਜਿਸਟਰਾਰ

ਸਕੱਤਰ ਸਕੂਲ ਸਿੱਖਿਆ, ਪੰਜਾਬ

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ**
**(ਕੋਆਰਡੀਨੇਸ਼ਨ ਸ਼ਾਖਾ)**

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ, ਪੰਜਾਬ।
2. ਸਮੂਹ ਸਕੂਲ ਪ੍ਰਿੰਸੀਪਲ/ਮੁੱਖ ਅਧਿਆਕ/ਮੁੱਖੀ, ਪੰਜਾਬ।
(ਵੈਬਸਾਈਟ ਰਾਹੀਂ)

ਮੀਮੋ ਨੰ: 15/23-2017 ਕੋ ਸ਼ਾਖਾ (1)/2019421923
ਮਿਤੀ: 12.12.2019

**ਵਿਸ਼ਾ: ਸਿੱਖਿਆ ਵਿਭਾਗ ਦੇ ਲੋਨ ਲੈ ਕੇ ਡਿਫਾਲਟਰ ਹੋਏ ਕਰਮਚਾਰੀਆਂ ਤੋਂ ਰਿਕਵਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਮੈਨੂੰ ਆਪ ਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਮੁੱਖ ਦਫਤਰ ਵਿੱਚ ਵੱਖ ਵੱਖ ਬੈਂਕਾਂ ਤੋਂ ਪ੍ਰਾਪਤ ਹੋਏ ਰਿਕਵਰੀ ਨੋਟਿਸਾਂ ਤੋਂ ਧਿਆਨ ਵਿੱਚ ਆਇਆ ਹੈ ਕਿ ਵਿਭਾਗ ਦੇ ਕਰਮਚਾਰੀਆਂ ਵੱਲੋਂ ਬੈਂਕਾਂ ਤੋਂ ਕਰਜਾ ਲੈ ਕੇ ਕਿਸ਼ਤਾਂ ਦੀ ਨਿਯਮਤ ਅਦਾਇਗੀ ਨਹੀਂ ਕੀਤੀ ਜਾਂਦੀ ਜਿਸ ਦੇ ਫਲਸਰੂਪ ਬੈਂਕ ਵੱਲੋਂ ਉਨ੍ਹਾਂ ਨੂੰ ਡਿਫਾਲਟਰ ਘੋਸ਼ਿਤ ਕਰਕੇ ਗਰੰਟਰਾ ਅਤੇ ਵਿਭਾਗ ਨੂੰ ਨੋਟਿਸ ਜਾਰੀ ਕੀਤੇ ਜਾਂਦੇ ਹਨ ਅਤੇ ਲਿਖਿਆ ਜਾਦਾ ਹੈ ਕਿ ਕਰਮਚਾਰੀ/ਰਿਟਾਇਰੀ ਦੀ ਤਨਖਾਹ/ਪੈਨਸ਼ਨ ਵਿੱਚੋਂ ਰਿਕਵਰੀ ਕਰਕੇ ਬੈਂਕ ਕੋਲ ਜਮ੍ਹਾ ਕਰਵਾਈ ਜਾਵੇ। ਇਸ ਕਰਕੇ ਅਧਿਕਾਰੀਆਂ/ਕਰਮਚਾਰੀਆਂ ਵਲੋਂ ਕਿਸੇ ਵੀ ਕਿਸਮ ਦਾ ਲੋਨ ਲੈਣ ਲਈ ਪੇ ਸਲਿਪ ਦੀ ਮੰਗ ਕੀਤੀ ਜਾਂਦੀ ਹੈ ਤਾਂ ਇਸ ਪੇ ਸਲਿਪ ਤੇ ਲਿਖਿਆ ਜਾਵੇ ਕਿ ਇਸ ਪੇ ਸਲਿਪ ਨੂੰ ਕਿਸੇ ਤਰ੍ਹਾਂ ਦੇ ਲੋਨ ਦੇਣ ਲਈ ਗਰੰਟੀ ਨਹੀਂ ਮੰਨਿਆ ਜਾਵੇਗਾ।

ਦਫਤਰ ਦੇ ਮੁੱਖੀ/ਡੀ.ਡੀ.ਓ. ਵੱਲੋਂ ਕਿਸੇ ਵੀ ਬੈਂਕ ਨੂੰ ਰਿਕਵਰੀ ਸਬੰਧੀ ਬਾਂਡ ਆਦਿ ਰਾਹੀਂ ਰਿਕਵਰੀ ਦੀ ਗਰੰਟੀ ਨਾ ਦਿੱਤੀ ਜਾਵੇ ਕਿਉਂਕਿ ਹੁਣ ਕਰਮਚਾਰੀਆਂ ਦੀ ਹੱਕਦਾਰੀ ਅਨੁਸਾਰ ਉਸਦੀ ਤਨਖਾਹ ਸਿੱਧੀ ਉਸਦੇ ਬੈਂਕ ਖਾਤੇ ਵਿੱਚ ਜਮਾਂ/ਟ੍ਰਾਂਸਫਰ ਹੁੰਦੀ ਹੈ। ਸੇਵਾ ਮੁਕਤ ਕਰਮਚਾਰੀ ਦੇ ਕੇਸ ਵਿੱਚ ਬੈਂਕ ਲੋਨ ਦੀ ਬਕਾਇਆ ਰਿਕਵਰੀ ਵਿਭਾਗ ਸੇਵਾ ਮੁਕਤੀ ਲਾਭਾਂ ਵਿੱਚੋਂ ਕਟੌਤੀ ਨਹੀਂ ਕਰ ਸਕਦਾ।

ਕਿਸੇ ਵੀ ਅਧਿਕਾਰੀ/ਕਰਮਚਾਰੀ ਦੀ ਗਰੰਟੀ ਦੇਣ ਵਾਲਾ ਅਧਿਕਾਰੀ/ ਕਰਮਚਾਰੀ ਬਕਾਇਆ ਲੋਨ ਦੀ ਭਰਪਾਈ ਸਬੰਧੀ ਖੁਦ ਜਿੰਮੇਵਾਰ ਹੋਵੇਗਾ। ਬੈਂਕ ਆਪਣੇ ਪੱਧਰ ਤੇ ਕਾਨੂੰਨੀ ਕਾਰਵਾਈ ਕਰਕੇ ਲੋਨ ਡਿਫਾਲਟਰਾਂ/ਗਰੰਟਰਾਂ ਤੋਂ ਰਿਕਵਰੀ ਕਰ ਸਕਦਾ ਹੈ।

ਸੁਪਰਡੰਟ (ਕੋ.ਸ਼ਾਖਾ)

ਪਿੱਠ ਅੰ. ਨੰ:ਉਕਤ
ਮਿਤੀ

ਉਤਾਰਾ ਪੀ.ਆਰ.ਓ./ਸਕੱਤਰ ਸਕੂਲ ਸਿੱਖਿਆ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਦਾ ਹੈ।

ਸੁਪਰਡੰਟ (ਕੋ.ਸ਼ਾਖਾ)

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ।**
**(ਕੋਆਰਡੀਨੇਸ਼ਨ ਸ਼ਾਖਾ)**

ਹੁਕਮ ਨੰ: 15/14-2018 ਕੋ ਸੈਲ (1)
ਮਿਤੀ: ਐਸ.ਏ.ਐਸ ਨਗਰ, 09.12.2019

**ਵਿਸ਼ਾ:** **ਸਿੱਖਿਆ ਵਿਭਾਗ ਦੇ ਸਹਾਇਕ ਡਾਇਰੈਕਟਰਾਂ ਨੂੰ ਜਿਲ੍ਹਿਆਂ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਨੋਡਲ ਅਫਸਰ ਲਗਾਉਣ ਸਬੰਧੀ।**

ਜਿਲ੍ਹੇ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਜਿਲੇ ਵਾਰ ਨੋਡਲ ਅਫਸਰ ਲਗਾਏ ਗਏ ਸੀ। ਲਿਸਟ ਵਿੱਚ ਲੜੀ ਨੰ: 12 ਤੇ ਸ੍ਰੀ ਸੁਭਾਸ਼ ਮਹਾਜਨ, ਸਹਾਇਕ ਡਾਇਰੈਕਟਰ ਦੀ ਥਾਂ ਤੇ ਸ਼੍ਰੀਮਤੀ ਬਲਬੀਰ ਕੌਰ, ਸਹਾਇਕ ਡਾਇਰੈਕਟਰ ਦੀ ਡਿਊਟੀ ਬਤੌਰ ਨੋਡਲ ਅਫਸਰ ਜਿਲ੍ਹਾ ਲੁਧਿਆਣਾ ਲਗਾਈ ਜਾਂਦੀ ਹੈ, ਲਿਸਟ ਹੇਠ ਲਿਖੇ ਅਨੁਸਾਰ ਹੈ:

| **ਲੜੀ ਨੰ:** | **ਜਿਲ੍ਹਾ** | **ਨੋਡਲ ਅਫਸਰ** | **ਮੋਬਾਇਲ ਨੰ:** |
|---|---|---|---|
| 1. | ਅੰਮ੍ਰਿਤਸਰ | ਸ੍ਰੀ ਸੁਨੀਲ ਬਹਿਲ | 9417741122 |
| 2. | ਬਠਿੰਡਾ | ਸ੍ਰੀਮਤੀ ਪਰਮਿੰਦਰ ਕੌਰ | 9915086923 |
| 3. | ਬਰਨਾਲਾ | ਸ਼੍ਰੀਮਤੀ ਜਯੋਤੀ ਚਾਵਲਾ | 9463330070 |
| 4. | ਫਿਰੋਜ਼ਪੁਰ | ਸ੍ਰੀ ਗੁਰਜੀਤ ਸਿੰਘ | 9872412616 |
| 5. | ਫਰੀਦਕੋਟ | ਸ਼੍ਰੀਮਤੀ ਪ੍ਰਭਜੋਤ ਕੌਰ | 9888987787 |
| 6. | ਫਾਜ਼ਿਲਕਾ | ਸ੍ਰੀ ਸੰਜੀਵ ਸ਼ਰਮਾ | 9914500136 |
| 7. | ਫਤਿਹਗੜ੍ਹ ਸਾਹਿਬ | ਸ਼੍ਰੀਮਤੀ ਜਸਕੀਰਤ ਕੌਰ | 9814178444 |
| 8. | ਗੁਰਦਾਸਪੁਰ | ਸ੍ਰੀਮਤੀ ਕੋਮਲ ਚੋਪੜਾ | 9417204242 |
| 9. | ਹੁਸ਼ਿਆਰਪੁਰ | ਸ਼੍ਰੀਮਤੀ ਨਰਿੰਦਰ ਕੌਰ | 9417455438 |
| 10. | ਜਲੰਧਰ | ਸ੍ਰੀ ਸੁਨੀਲ ਕੁਮਾਰ | 8872636747 |
| 11. | ਕਪੂਰਥਲਾ | ਸ੍ਰੀ ਬਲਜਿੰਦਰ ਸਿੰਘ | 8146120006 |
| 12. | ਲੁਧਿਆਣਾ | ਸ਼੍ਰੀਮਤੀ ਬਲਬੀਰ ਕੌਰ | 7508656238 |
| 13. | ਮੋਗਾ | ਸ੍ਰੀ ਸੋਹਣ ਸਿੰਘ | 9876635470 |
| 14. | ਮਾਨਸਾ | ਸ਼੍ਰੀਮਤੀ ਰੈਨੂੰ | 9501766433 |
| 15. | ਪਟਿਆਲਾ | ਸ਼੍ਰੀਮਤੀ ਹਰਵਿੰਦਰ ਕੌਰ | 8146388177 |
| 16. | ਪਠਾਨਕੋਟ | ਸ੍ਰੀ ਮਹਿੰਦਰ ਸਿੰਘ | 9465223376 |
| 17. | ਰੋਪੜ | ਸ਼੍ਰੀਮਤੀ ਕਮਲਜੀਤ | 9814916678 |
| 18. | ਸ੍ਰੀ ਮੁਕਤਸਰ ਸਾਹਿਬ | ਸ਼੍ਰੀਮਤੀ ਅਮਨਦੀਪ ਕੌਰ | 9463145077 |
| 19. | ਸੰਗਰੂਰ | ਸ਼੍ਰੀਮਤੀ ਨੀਨਾ | 9478386477 |
| 20. | ਸ਼ਹੀਦ ਭਗਤ ਸਿੰਘ ਨਗਰ | ਸ਼੍ਰੀਮਤੀ ਡਿੰਪੀ ਧੀਰ | 8198082700 |
| 21. | ਸਾਹਿਬਜਾਦਾ ਅਜੀਤ ਸਿੰਘ ਨਗਰ | ਸ੍ਰੀ ਮੋਨਿਕਾ | 9877875445 |
| 22. | ਤਰਨ ਤਾਰਨ | ਸ਼੍ਰੀਮਤੀ ਪੂਨਮ ਸ਼ਰਮਾ | 9779177647 |

ਕ੍ਰਿਸ਼ਨ ਕੁਮਾਰ, ***ਆਈ.ਏ.ਐਸ.***
ਸਕੱਤਰ ਸਕੂਲ ਸਿੱਖਿਆ, ਪੰਜਾਬ
ਮਿਤੀ 12.12.2019

ਪਿੱ. ਅੰ. ਨੰ: ਉਕਤ/2019422004-09
ਉਤਾਰਾ:-1.ਪੀ.ਏ./ਸਕੱਤਰ ਸਕੂਲ ਸਿੱਖਿਆ, ਪੰਜਾਬ।
2.ਪੀ.ਏ/ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3.ਪੀ.ਏ./ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ, ਐਸਿ), ਪੰਜਾਬ।
4.ਪੀ.ਏ./ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
5.ਸਬੰਧਤ ਸਹਾਇਕ ਡਾਇਰੈਕਟਰ, ਦ. ਡੀ.ਪੀ.ਆਈ. (ਸੈਸਿ), ਪੰਜਾਬ।
6. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ, ਐਸਿ), ਪੰਜਾਬ।

ਸੁਪਰਡੰਟ (ਕੋਆਰਡੀਨੇਸ਼ਨ ਸ਼ਾਖਾ)